# ਹੈਲਥ ਐਂਡ ਸੇਫਟੀ ਵਾਲੇ ਲੋਕ ਮੇਰਾ ਕਾਰੋਬਾਰ ਦੇਖਣ ਆਉਂਦੇ ਹਨ – ਕਿਉਂ?

# (The health and safety people visit my business – Why?)

ਜਨਤਾ ਸਮੇਤ ਕੰਮ ਕਰਨ ਵਾਲੇ ਲੋਕਾਂ ਅਤੇ ਕੰਮ ਦੀਆਂ ਸਰਗਰਮੀਆਂ ਨਾਲ ਪ੍ਰਭਾਵਤ ਹੋਣ ਵਾਲੇ ਲੋਕਾਂ ਦੀ ਸੇਹਤ, ਸਲਾਮਤੀ ਅਤੇ ਭਲਾਈ ਦੇ ਨਿਯਮ ਲਾਗੂ ਕਰਨ ਵਾਸਤੇ ਐਚਐਸਈ ਅਤੇ ਲੋਕਲ ਅਥਾਰਟੀਆਂ ਸਾਂਝੇ ਤੌਰ ਤੇ ਜ਼ੁੰਮੇਵਾਰ ਹਨ। ਅਸੀਂ ਚਾਹੁੰਦੇ ਹਾਂ ਕਿ ਹੈਲਥ ਐਂਡ ਸੇਫਟੀ ਸਭਿਅਕ ਸਮਾਜ ਵਿਚ ਇਕ ਮਹੱਤਵ ਪੂਰਨ ਸ਼ੈ ਨਜ਼ਰ ਆਵੇ ਅਤੇ ਅਸੀਂ ਵਰਕਪਲੇਸ ਵਿਚ ਸੰਸਾਰ ਨੂੰ ਅਗਵਾਈ ਪ੍ਰਦਾਨ ਕਰਨ ਵਾਲੇ ਹੈਲਥ ਐਂਡ ਸੇਫਟੀ ਦੇ ਰੀਕਾਰਡ ਕਾਇਮ ਕਰੀਏ (ਸਾਡੇ ਸੇਫਟੀ ਰੀਕਾਰਡ ਇਸ ਸਮੇਂ ਬੇਹਤਰੀਨ ਰੀਕਾਰਡਾਂ ਵਿਚੋਂ ਇਕ ਹਨ)। ਇਸ ਦੀ ਪ੍ਰਾਪਤੀ ਵਾਸਤੇ ਅਸੀਂ ਕਾਰੋਬਾਰਾਂ, ਕਰਮਚਾਰੀਆਂ ਅਤੇ ਉਨ੍ਹਾਂ ਦੀਆਂ ਟ੍ਰੇਡ ਯੂਨੀਅਨਾਂ ਨਾਲ ਮਿਲਕੇ ਸਾਂਝੇ ਤੌਰ ਤੇ ਕੰਮ ਕਰ ਰਹੇ ਹਾਂ। ਅਸੀਂ ਰਾਸ਼ਟਰੀ ਅਤੇ ਸਥਾਨਕ ਤੌਰ ਤੇ ਸਲਾਹ ਮਸ਼ਵਰਾ, ਮਾਰਗ ਦਰਸ਼ਨ ਅਤੇ ਜਾਣਕਾਰੀ ਪ੍ਰਦਾਨ ਕਰਦੇ ਹਾਂ।

ਵੱਖ ਵੱਖ ਕਾਰੋਬਾਰਾਂ ਵਿਚ ਗੇੜਾ ਮਾਰਕੇ ਵੀ ਅਸੀਂ ਆਪਣੇ ਨਿਸ਼ਾਨਿਆਂ ਦੀ ਪੂਰਤੀ ਵਾਸਤੇ ਸਹਾਇਤਾ ਕਰਦੇ ਹਾਂ। ਐਚਐਸਈ ਅਤੇ ਲੋਕਲ ਅਥਾਰਟੀਆਂ ਇਹ ਫੈਸਲਾ ਕਿਵੇਂ ਕਰਦੀਆਂ ਹਨ ਕਿ ਕਿਸ ਕਾਰੋਬਾਰ ਵਿਖੇ ਗੇੜਾ ਮਾਰਨਾ ਚਾਹੀਦਾ ਹੈ? ਅਸੀਂ ਇਹ ਫੈਸਲਾ ਸੰਭਾਵੀ-ਖਤਰੇ ਦੇ ਅਧਾਰ ਤੇ ਕਰਦੇ ਹਾਂ। **ਅਸੀਂ ਆਪਣੇ ਕੰਮ ਨੂੰ ਉਥੇ ਕੇਂਦ੍ਰਿਤ ਕਰਦੇ ਹਾਂ ਜਿੱਥੇ ਸੰਭਾਵੀ-ਖਤਰੇ ਸਭ ਨਾਲੋਂ ਵੱਧ ਹੋਣ** ਅਤੇ ਜਿੱਥੇ ਇਨ੍ਹਾਂ ਦਾ ਪ੍ਰਭਾਵ ਸਭ ਨਾਲੋਂ ਵੱਧ ਹੋਣ ਦੀ ਸੰਭਾਵਨਾ ਹੋਵੇ, ਵਿਸ਼ੇਸ਼ ਤੌਰ ਤੇ ਜਿੱਥੇ:

- ਸਾਡੇ ਕੋਲ ਸਬੂਤ ਹੋਵੇ ਕਿ ਤੁਹਾਡੇ ਆਪਣੇ ਕਾਰੋਬਾਰ ਜਾਂ ਸੈਕਟਰ ਵਿਚ **ਹੈਲਥ ਐਂਡ ਸੇਫਟੀ ਪ੍ਰਫਾਰਮੈਂਸ ਮਾੜਾ ਹੈ,** ਜਾਂ ਜਿਸ ਪ੍ਰਕਾਰ ਦਾ ਕੰਮ ਤੁਸੀਂ ਕਰਦੇ ਹੋ ਉਸ ਵਿਚ ਹਾਦਸਿਆਂ ਜਾਂ ਸੇਹਤ ਖਰਾਬੀ ਦੀ ਦਰ ਵੱਧ ਹੁੰਦੀ ਹੈ। ਤੁਹਾਡੇ ਕਾਰੋਬਾਰ ਵਿਖੇ ਹਾਜ਼ਰ ਹੋਣ ਸਮੇਂ ਸਾਡਾ ਸਟਾਫ ਆਪਣਾ ਧਿਆਨ ਉਨ੍ਹਾਂ ਸੰਭਾਵੀ-ਖਤਰਿਆਂ ਉਤੇ ਕੇਂਦ੍ਰਿਤ ਰੱਖੇਗਾ ਜਿਨ੍ਹਾਂ ਦੀ ਸ਼ਨਾਖਤ ਨੈਸ਼ਨਲ ਹੈਲਥ ਐਂਡ ਸੇਫਟੀ ਇੰਪਰੂਵਮੈਂਟਸ ਵਾਸਤੇ ਤਰਜ਼ੀਹੀ ਤੌਰ ਤੇ ਕੀਤੀ ਗਈ ਹੋਵੇ (ਮਿਸਾਲ ਦੇ ਤੌਰ ਤੇ ਫਰਸ਼ ਜਾਂ ਉਚੀ ਥਾਂ ਤੋਂ ਡਿੱਗਣ ਦਾ ਖਤਰਾ) ਕਿਉਂਕਿ ਉਨ੍ਹਾਂ ਨਾਲ ਰਾਸ਼ਟਰੀ ਪੱਧਰ ਤੇ ਹੈਲਥ ਐਂਡ ਸੇਫਟੀ ਨੂੰ ਬੇਹਤਰ ਬਣਾ ਸਕਣ ਦੀ ਬਹੁਤ ਸੰਭਾਵਨਾ ਹੁੰਦੀ ਹੈ।
- **ਤੁਸੀਂ ਖਤਰਨਾਕ ਗਿਣੇ ਜਾਂਦੇ ਉਦਯੋਗਾਂ ਵਿਚੋਂ ਕਿਸੇ ਇਕ ਵਿਚ ਕੰਮ ਕਰ ਰਹੇ ਹੋ** (ਮਿਸਾਲ ਦੇ ਤੌਰ ਤੇ ਨਿਊਕਲੀਅਰ, ਰੇਲ, ਕੁੱਝ ਕੈਮੀਕਲਜ, ਅਤੇ ਇਕਸਪਲੋਸਿਵਜ)। ਇਨ੍ਹਾਂ ਵਿਚੋਂ ਵਧੇਰੇ ਉਦਯੋਗ ਸੇਫਟੀ ਕੇਸ ਜਾਂ ਲਾਇਸੈਂਸਿੰਗ ਖੇਤਰ ਅਧੀਨ ਕੰਮ ਕਰਦੇ ਹਨ। ਇਸ ਵਾਸਤੇ ਸਾਨੂੰ ਤੁਹਾਡੇ ਵਲੋਂ ਆਪਣੇ ਕਾਰੋਬਾਰ ਵਿਚ ਉਨ੍ਹਾਂ ਖਤਰਿਆਂ ਨੂੰ, ਜਿਨ੍ਹਾਂ ਕਾਰਨ ਤੁਹਾਡੇ ਕਰਮਚਾਰੀਆਂ ਅਤੇ/ਜਾਂ ਜਨਤਕ ਮੈਂਬਰਾਂ ਲਈ ਖਤਰਾ ਪੈਦਾ ਹੋ ਸਕਦਾ ਹੈ, ਪਛਾਨਣ ਅਤੇ ਕਾਬੂ ਕਰਨ ਲਈ ਤਿਆਰ ਕੀਤੇ ਗਏ ਸੇਫਟੀ ਕੇਸ ਦਾ ਪਿੱਛਲਾ ਜਾਇਜ਼ਾ ਲੈਣਾ ਹੋਵੇਗਾ। ਜਦੋਂ ਅਸੀਂ ਤੁਹਾਡੇ ਕਾਰੋਬਾਰ ਵਿਖੇ ਗੇੜਾ ਮਾਰਦੇ ਹਾਂ ਤਾਂ ਸਾਡਾ ਮਕਸਦ ਇਸ ਗੱਲ ਨੂੰ ਯਕੀਨੀ ਬਨਾਉਣਾ ਹੁੰਦਾ ਹੈ ਕਿ ਲੋੜ ਅਨੁਸਾਰ ਅਤੇ ਪੱਕੇ ਤੌਰ ਤੇ ਹੈਲਥ ਐਂਡ ਸੇਫਟੀ ਵਾਤਾਵਰਨ ਵਿਚ ਖਤਰਿਆਂ ਨੂੰ ਕਾਬੂ ਕਰਨ ਲਈ ਵੱਖ ਵੱਖ, ਇੰਜਨੀਅਰਿੰਗ ਅਤੇ ਆਰਗਨਾਈਜੇਸ਼ਨਲ, ਉਪਾਅ ਮੌਜੂਦ ਅਤੇ ਲਾਗੂ ਹਨ।
- ਅਸੀਂ **ਕਿਸੇ ਵਿਸ਼ੇਸ਼ ਘਟਨਾ** (ਹਾਦਸੇ ਜਾਂ ਕੰਮ ਨਾਲ ਸਬੰਧਤ ਬੀਮਾਰੀ) **ਜਾਂ ਸ਼ਕਾਇਤ ਦੀ ਜਾਂਚ** ਕਰਨੀ ਚਾਹੁੰਦੇ ਹੋਈਏ। ਇੱਥੇ ਅਸੀਂ ਆਪਣਾ ਉਦਮ ਬਹੁਤ ਗੰਭੀਰ ਘਟਨਾਵਾਂ – ਜਿਨ੍ਹਾਂ ਦਾ ਨਤੀਜਾ ਮੌਤ ਜਾਂ ਕਿਸੇ ਵੱਡੀ ਸੱਟ ਚੋਟ ਵਿਚ ਨਿਕਲੇ, ਜਾਂ ਜੋ ਸਾਡੀਆਂ ਨੈਸ਼ਨਲ ਹੈਲਥ ਐਂਡ ਸੇਫਟੀ ਇੰਪਰੂਵਮੈਂਟਸ ਦੀਆਂ ਤਰਜ਼ੀਹਾਂ ਨਾਲ ਜੁੜੀਆਂ ਹੋਈਆਂ ਹੋਣ – ਉਤੇ ਕੇਂਦ੍ਰਿਤ ਰੱਖਦੇ ਹਾਂ। ਸਾਡੇ ਇੰਸਪੈਕਟਰਾਂ ਦੀ ਜਾਂਚ ਪੜਤਾਲ ਦਾ ਨਿਸ਼ਾਨਾ ਇਹ ਪਤਾ ਕਰਨਾ ਹੁੰਦਾ ਹੈ ਕਿ ਕੀ ਖਰਾਬੀ ਹੋਈ ਸੀ ਅਤੇ ਅੱਗੇ ਵਾਸਤੇ ਤੁਹਾਡੇ ਕਾਰੋਬਾਰ ਅਤੇ ਤੁਹਾਡੇ ਵਰਗਾ ਕੰਮ ਕਰਨ ਵਾਲੇ ਦੂਸਰੇ ਲੋਕਾਂ ਲਈ ਕੁੱਝ ਸਿਖਿਆ ਪ੍ਰਾਪਤ ਕਰਨਾ ਹੋਵੇਗਾ।

ਐਚਐਸਈ ਅਤੇ ਲੋਕਲ ਅਥਾਰਟੀ ਸਟਾਫ ਹੇਠ ਲਿਖਿਆਂ ਕੰਮਾਂ ਵਾਸਤੇ ਵੀ **ਸੀਮਤ ਗਿਣਤੀ ਤੱਕ ਗੇੜੇ ਮਾਰਦੇ ਹਨ:**

- ਨਵੇਂ ਕਾਰੋਬਾਰ ਜਾਂ ਇਮਾਰਤ ਵਿਚ ਸੰਭਾਵੀ-ਖਤਰਿਆਂ ਦਾ ਜਾਇਜ਼ਾ ਲੈਣ ਵਾਸਤੇ

- ਕੁੱਝ ਵਿਸ਼ੇਸ਼ ਤਰਜ਼ੀਹਾਂ ਜਿਵੇਂ ਕਿ ਕਮਰ ਦਰਦ ਜਾਂ ਵਰਕਪਲੇਸ ਟ੍ਰਾਂਸਪੋਰਟ ਨੂੰ ਸੰਬੋਧਤ ਹੋਣ ਲਈ ਕੁੱਝ ਵਿਸ਼ੇਸ਼ ਭੁਗੋਲਕ ਖੇਤਰਾਂ ਜਾਂ ਸੈਕਟਰਾਂ ਨੂੰ ਨਿਸ਼ਾਨਾ ਬਨਾਉਣਾ
- ਨਿਯਮਾ ਦੀ ਪਾਲਣਾ ਦੇਖਣ ਲਈ ਬਿਨਾ ਕਿਸੇ ਖਾਸ ਵਜਾਹ 'ਸਪਾਟ ਚੈੱਕਸ ਕਰਨੇ
- ਨਵੇਂ ਵਿਕਾਸਾਂ ਅਤੇ ਵਿਧੀਆਂ ਜਾਂ ਆਪਣੇ ਟ੍ਰੇਨਿੰਗ ਮਕਸਦਾਂ ਲਈ ਤਿਆਰ ਬਰ ਤਿਆਰ ਰਹਿਣਾ

**ਬਹੁ-ਸਥਾਨੀ ਉਦਯੋਗਾਂ ਵਾਸਤੇ ਅਸੀਂ ਪੂਰੇ ਕਾਰੋਬਾਰ**, ਨਾ ਕਿ ਇਕੱਲੀ ਇਕੱਲੀ ਇਮਾਰਤ ਉਤੇ, ਅਤੇ ਤੁਸੀਂ ਇਕੋ ਜਿਹੀ ਘਟਨਾ ਦੇ ਦੁਹਰਾ ਜਾਂ ਉਸਦੇ ਕਿਸੇ ਦੂਸਰੇ ਸਥਾਨ ਤੇ ਵਾਪਰਨ ਦੀ ਰੋਕਥਾਮ ਵਾਸਤੇ ਇਕਸਾਰ ਮਿਆਰ ਕਿਵੇਂ ਕਾਇਮ ਰੱਖਦੇ ਹੋ, **ਉਤੇ ਧਿਆਨ ਕੇਂਦ੍ਰਿਤ ਕਰਦੇ ਹਾਂ।**
ਲੋਕਲ ਅਥਾਰਟੀਆਂ ਰਾਸ਼ਟਰੀ ਪੱਧਰ ਤੇ ਪ੍ਰਵਾਨ ਤਰਜ਼ੀਹਾਂ ਨੂੰ ਨਿਸ਼ਾਨਾ ਮੰਨਣ ਅਤੇ ਹਾਦਸਿਆਂ ਅਤੇ ਸ਼ਕਾਇਤਾਂ ਸਬੰਧੀ ਪ੍ਰਤੀਕ੍ਰਿਆ ਕਰਨ ਦੇ ਨਾਲ ਨਾਲ ਸਥਾਨਕ ਕਮਿਊਨਟੀਆਂ ਵਾਸਤੇ ਵਿਸ਼ੇਸ਼ ਤਰਜ਼ੀਹੀ ਮੁੱਦਿਆਂ ਉਤੇ ਵੀ ਧਿਆਨ ਕੇਂਦ੍ਰਿਤ ਕਰ ਸਕਦੀਆਂ ਹਨ।

ਗੇੜਾ ਮਾਰਨ ਦਾ ਕਾਰਨ ਭਾਵੇਂ ਕੁੱਝ ਵੀ ਹੋਵੇ ਅਸੀਂ **ਸੇਹਤ, ਸਲਾਮਤੀ ਅਤੇ ਭਲਾਈ ਦੇ ਮਿਆਰ ਚੈੱਕ ਕਰਾਂਗੇ** ਅਤੇ ਲੋਕਾਂ ਦੇ ਕੰਮ ਉਤੇ ਬੀਮਾਰ ਹੋਣ ਜਾਂ ਸੱਟ ਚੋਟ ਲੱਗਣ ਦੀ ਰੋਕਥਾਮ ਬਾਰੇ **ਤੁਹਾਨੂੰ ਸਲਾਹ ਮਸ਼ਵਰਾ ਦੇਵਾਂਗੇ**।

ਸਾਡਾ ਵਿਸ਼ਵਾਸ਼ ਹੈ ਕਿ ਵਰਕਪਲੇਸ ਵਿਚਲੇ ਸਭ ਸੰਭਾਵੀ-ਖਤਰੇ ਦੂਰ ਨਹੀਂ ਕੀਤੇ ਜਾ ਸਕਦੇ। ਇਸਦੇ ਬਦਲ ਵਜੋਂ ਅਸੀਂ ਦੇਖਣਾ ਚਾਹੁੰਦੇ ਹਾਂ ਕਿ ਤੁਸੀਂ ਸੇਹਤ ਅਤੇ ਸਲਾਮਤੀ ਦੇ ਸੰਭਾਵੀ ਖਤਰਿਆਂ ਨੂੰ ਘੱਟ ਕਰਨ ਲਈ ਸਚੇਤ ਕਾਰਵਾਈਆਂ ਕਰ ਰਹੇ ਹੋ। ਜਿੱਥੇ ਲੋੜ ਪਵੇ, ਮਿਸਾਲ ਦੇ ਤੌਰ ਤੇ ਜਿੱਥੇ **ਅਵਸਥਾ ਮਾੜੀ ਹੋਵੇ ਜਾਂ ਕਨੂੰਨ ਦੀ ਖੁੱਲੀ ਉਲੰਘਣਾ ਕੀਤੀ ਜਾ ਰਹੀ ਹੋਵੇ** ਉਥੇ ਸਾਡਾ ਸਟਾਫ ਲੋੜੀਂਦੇ ਸੁਧਾਰ ਕਰਵਾਉਣ ਲਈ, ਜਿੱਥੇ ਉਚਿਤ ਹੋਵੇ ਮੁਕੱਦਮੇ ਸਮੇਤ, ਆਪਣੀ ਤਾਕਤ ਦੀ ਵਰਤੋਂ ਕਰ ਸਕਦਾ ਹੈ।

ਸਾਨੂੰ ਉਮੀਦ ਹੈ ਕਿ ਅਸੀਂ ਤੁਹਾਡੇ ਕਾਰੋਬਾਰ ਵਿਖੇ ਗੇੜਾ ਕਿਉਂ ਮਾਰਦੇ ਹਾਂ, ਆਪਣੇ ਕੰਮ ਦੀ ਤਰਜ਼ੀਹ ਕਿਵੇਂ ਤਿਆਰ ਕਰਦੇ ਹਾਂ ਅਤੇ ਤੁਹਾਡੇ ਕਾਰੋਬਾਰ ਵਿਖੇ ਹੋਣ ਸਮੇਂ ਕੀ ਕੁੱਝ ਕਰਦੇ ਹਾਂ ਬਾਰੇ ਇਹ ਜਾਣਕਾਰੀ ਮੱਦਦਗਾਰ ਸਾਬਤ ਹੋਵੇਗੀ। ਕੀ ਇਹ ਜਾਣਕਾਰੀ ਮੱਦਦਗਾਰ ਅਤੇ ਸਪੱਸ਼ਟ ਹੈ ਜਾਂ ਨਹੀਂ ਬਾਰੇ ਜੇ ਤੁਸੀਂ ਕੋਈ ਵਾਪਸੀ ਜਾਣਕਾਰੀ ਦੇਣੀ ਚਾਹੋ ਤਾਂ ਆਪਣੀਆਂ ਟਿੱਪਣੀਆਂ ਸਾਨੂੰ business.involvement.team@hse.gsi.gov.uk ਤੇ ਭੇਜੋ ਜੀ।